**ਮਿਤੀ 28-6-2011 ਨੂੰ ਮਾਨਯੋਗ ਸ਼੍ਰੀ ਅਰੁਣੇਸ਼ ਸ਼ਾਕਿਰ, ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਪੰਜਵੀਂ ਮੀਟਿੰਗ ਦੀ ਕਾਰਵਾਈ ਰਿਪੋਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਪੰਜਵੀਂ ਮੀਟਿੰਗ ਮਿਤੀ 28-6-2011 ਨੂੰ ਬੋਰਡ ਦੇ ਚੇਅਰਮੈਨ ਮਾਨਯੋਗ ਸ਼੍ਰੀ ਅਰੁਣੇਸ਼ ਸ਼ਾਕਿਰ ਜੀ ਦੀ ਪ੍ਰਧਾਨਗੀ ਹੇਠ ਸਵੇਰੇ 11:00 ਵਜੇ ਸਰਕਟ ਹਾਊਸ, ਸੈਕਟਰ-39, ਚੰਡੀਗੜ੍ਹ ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰਾਂ/ ਪ੍ਰਤੀਨਿਧਾਂ ਨੇ ਭਾਗ ਲਿਆ:-

| | | |
|---|---|---|
| 1. | ਸ਼੍ਰੀ ਆਰ.ਸੀ.ਨਈਅਰ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ। | ਮੈਂਬਰ |
| 2. | ਸ਼੍ਰੀ ਪ੍ਰਭਜੋਤ ਸਿੰਘ ਮੰਡ, ਆਈ.ਏ.ਐਸ.<br>ਕਿਰਤ ਕਮਿਸ਼ਨਰ, ਪੰਜਾਬ। | ਮੈਂਬਰ ਸਕੱਤਰ |
| 3. | ਸ਼੍ਰੀ ਟੀ.ਪੀ.ਐਸ ਫੂਲਕਾ, ਐਡੀਸ਼ਨਲ ਸਕੱਤਰ,<br>ਸਿੰਚਾਈ ਤੇ ਪਾਵਰ ਵਿਭਾਗ, ਪੰਜਾਬ। | ਪ੍ਰਤੀਨਿਧੀ |
| 4. | ਸ਼੍ਰੀ ਏ.ਕੇ.ਸਿੰਗਲਾ, ਚੀਫ ਇੰਜੀਨੀਅਰ,<br>ਲੋਕ ਨਿਰਮਾਣ (ਬੀ.ਐਂਡ.ਆਰ) ਵਿਭਾਗ, ਪੰਜਾਬ। | ਪ੍ਰਤੀਨਿਧੀ |
| 5. | ਸ਼੍ਰੀ ਕਰਤਾਰ ਸਿੰਘ ਰਾਠੌਰ,<br>ਭਾਰਤੀਆ ਮਜ਼ਦੂਰ ਸੰਘ, ਜਲੰਧਰ। | ਮੈਂਬਰ |

ਮੀਟਿੰਗ ਦੇ ਆਰੰਭ ਵਿੱਚ ਕਿਰਤ ਕਮਿਸ਼ਨਰ, ਪੰਜਾਬ-ਕਮ-ਸਕੱਤਰ ਬੋਰਡ ਵੱਲੋਂ ਮਾਨਯੋਗ ਕਿਰਤ ਮੰਤਰੀ ਜੀ ਜਿਨ੍ਹਾਂ ਵੱਲੋਂ ਬੋਰਡ ਦੇ ਚੇਅਰਮੈਨ ਦੇ ਤੌਰ ਤੇ ਪਹਿਲੀਵਾਰ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਾ ਰਹੀ ਹੈ, ਦਾ ਸੁਆਗਤ ਕਰਦੇ ਹੋਏ, ਮੀਟਿੰਗ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਲ ਜਾਣ-ਪਹਿਚਾਣ ਕਰਵਾਈ ਗਈ।

**<u>ਆਈਟਮ ਨੰ:1</u> ਬੋਰਡ ਦੀ ਚੌਥੀ ਮੀਟਿੰਗ ਮਿਤੀ 6-10-2010 ਦੀ ਕਾਰਵਾਈ ਦੀ ਪੁਸ਼ਟੀ।**

ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਸਮੇਂ ਬੋਰਡ ਦੇ ਸਕੱਤਰ ਵੱਲੋਂ ਦੱਸਿਆ ਗਿਆ ਕਿ ਬੋਰਡ ਦੀ ਚੋਥੀ ਮੀਟਿੰਗ ਮਿਤੀ 6-10-2010 ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2010-11/879-889 ਮਿਤੀ 21-10-2010 ਰਾਹੀਂ ਭੇਜੀ ਗਈ ਸੀ ਜਿਸ ਬਾਰੇ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਮੈਂਬਰਾਂ ਵੱਲੋਂ ਮੌਕੇ ਤੇ ਕੋਈ ਟਿੱਪਣੀ ਕੀਤੀ ਗਈ। ਇਸ ਤਰਾਂ ਬੋਰਡ ਵੱਲੋਂ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2 ਬੋਰਡ ਦੀ ਚੌਥੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਸਕੱਤਰ ਵੱਲੋਂ ਬੋਰਡ ਦੀ ਚੌਥੀ ਮੀਟਿੰਗ ਸਬੰਧੀ ਆਈਟਮ ਵਾਈਜ਼ ਲਏ ਗਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿੱਚ ਮੈਂਬਰਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਾਹਿਬਾਨ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਚੌਥੀ ਮੀਟਿੰਗ ਦੀ ਆਈਟਮ ਨੰ:2, 4, ਸਪਲੀਮੈਂਟਰੀ ਆਈਟਮ ਨੰ:1 ਅਤੇ 2 ਬਾਰੇ ਪੁਨਰ-ਵਿਚਾਰ ਕਰਦੇ ਹੋਏ ਹੇਠ ਅਨੁਸਾਰ ਮੁੜ ਫੈਸਲੇ ਲਏ ਗਏ:-

(ਆਈਟਮ ਨੰ:2 ਦਾ ਫੈਸਲਾ ਨੰ:2)

ਇਸ ਬਾਰੇ ਸਕੱਤਰ ਵੱਲੋਂ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ ਕਿ ਬੋਰਡ ਵੱਲੋਂ ਸਾਰੇ ਖੇਤਰੀ ਅਧਿਕਾਰੀਆਂ ਭਾਵ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਨੂੰ ਗੱਡੀਆਂ ਦਿੱਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਸਕੱਤਰ ਵੱਲੋਂ ਉਨ੍ਹਾਂ ਤਿੰਨ-ਤਿੰਨ ਅਧਿਕਾਰੀਆਂ, ਜਿੰਨਾਂ ਨੇ ਵੱਧ ਤੋਂ ਵੱਧ/ ਘੱਟ ਤੋਂ ਘੱਟ ਸੈਸ ਇਕੱਤਰ ਕੀਤਾ, ਲਾਭਪਾਤਰੀ/ ਉਸਾਰੀ ਅਦਾਰੇ ਰਜਿਸਟਰ ਕੀਤੇ, ਦੇ ਕੰਮ ਦਾ ਮੁਲਾਂਕਣ ਵੀ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਪੇਸ਼ ਕੀਤਾ ਗਿਆ। ਇਸ ਸਬੰਧੀ ਪ੍ਰਮੁੱਖ ਸਕੱਤਰ ਜੀ ਵੱਲੋਂ ਇਹ ਸੁਝਾ ਦਿੱਤਾ ਗਿਆ ਕਿ ਲੁਧਿਆਣਾ ਵਿਖੇ ਜਿੰਨ੍ਹਾਂ ਅਧਿਕਾਰੀਆਂ ਵੱਲੋਂ ਕੰਮ ਘੱਟ ਕੀਤਾ ਗਿਆ ਹੈ ਉਨ੍ਹਾਂ ਨੂੰ ਮੌਜੂਦਾ ਸਰਕਲਾਂ ਵਿੱਚੋਂ ਸ਼ਿਫਟ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਜਿਨ੍ਹਾਂ ਅਧਿਕਾਰੀਆਂ ਦਾ ਕੰਮ ਘੱਟ ਪਾਇਆ ਗਿਆ ਹੈ ਉਨ੍ਹਾਂ ਤੋਂ ਸਪਸ਼ਟੀਕਰਣ ਵੀ ਮੰਗਿਆ ਜਾਵੇ। ਬੋਰਡ ਵੱਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

(ਆਈਟਮ ਨੰ:2 ਦਾ ਫੈਸਲਾ ਨੰ:7)

ਇਸ ਬਾਰੇ ਸਕੱਤਰ ਵੱਲੋਂ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਬੋਰਡ ਵੱਲੋਂ ਚੌਥੀ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਬੋਰਡ ਵਿੱਚ ਪ੍ਰਾਪਤ ਹੋ ਰਹੀ ਸੈਸ ਦੀ ਰਕਮ ਤੇ ਵੱਧ ਤੋਂ ਵੱਧ ਵਿਆਜ ਲੈਣ ਦੇ ਉਦੇਸ਼ ਨਾਲ ਬੈਂਕਾਂ ਵਿੱਚ ਰਾਸ਼ੀ ਦੇ ਨਿਵੇਸ਼ ਕਰਨ ਬਾਰੇ ਬੈਕਾਂ ਤੋ ਪੰਜ ਵਾਰੀ ਐਫ.ਡੀ.ਆਰਜ਼/ ਸਪੈਸ਼ਲ ਟਰਮ ਡਿਪਾਜਟ ਲਈ ਵਿਆਜ ਦਰਾਂ ਮੰਗਵਾਕੇ ਨੈਸ਼ਨਲਾਈਜ਼ਡ/ ਸ਼ਡਿਊਲਡ ਬੈਂਕਾਂ ਵਿੱਚ 60:40 ਦੇ ਅਨੁਪਾਤ ਵਿੱਚ ਨਿਵੇਸ਼ ਕਰਨ ਲਈ ਮਿਸਲ ਮਾਨਯੋਗ ਚੇਅਰਮੈਨ ਜੀ ਨੂੰ ਫੈਸਲਾ ਲੈਣ ਲਈ ਪੇਸ਼ ਕੀਤੀ ਗਈ ਸੀ, ਪ੍ਰੰਤੂ ਇਸ ਬਾਰੇ ਕੋਈ ਅੰਤਮ ਨਿਰਣਾ ਨਹੀਂ ਹੋ ਸਕਿਆ। ਇਸ ਬਾਰੇ ਪ੍ਰਮੁੱਖ ਸਕੱਤਰ ਜੀ ਵੱਲੋਂ ਸੁਝਾ ਦਿੱਤਾ ਗਿਆ ਕਿ ਕਿਉਂਜੋ ਇਸ ਮਾਮਲੇ ਵਿੱਚ ਦੇਰੀ ਹੋਣ ਨਾਲ ਬੋਰਡ ਨੂੰ ਵਿਆਜ ਪੱਖੋਂ ਨੁਕਸਾਨ ਹੋ ਰਿਹਾ ਹੈ, ਇਸ ਲਈ ਬੈਂਕਾਂ ਤੋਂ ਇਕ ਵਾਰ ਫਿਰ ਵਿਆਜ-ਦਰਾਂ ਨਵੇਂ ਸਿਰਿਓਂ ਮੰਗ ਲਿਤੀਆਂ ਜਾਣ। ਬੋਰਡ ਵੱਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਇਹ ਵੀ ਫੈਸਲਾ ਹੋਇਆ ਕਿ ਇਸ ਵਾਰੀ ਬੈਂਕਾਂ ਨੂੰ ਸਪਸ਼ਟ ਕਰ ਦਿੱਤਾ ਜਾਵੇ ਕਿ ਨਵੀਂ ਵਿਆਜ-ਦਰਾਂ ਨਿਸ਼ਚਿਤ ਅੰਤਿਮ ਮਿਤੀ ਤੋਂ ਇਕ ਹਫਤੇ ਦੀ ਵੈਲੀਡਿਟੀ ਰਖਕੇ ਦੇਣ ਅਤੇ ਉਸ ਅਧਾਰ ਤੇ ਮਿਤੀ-ਬੱਧ ਸਮੇਂ ਦੋਰਾਨ ਜਲਦੀ ਫੈਸਲਾ ਲਿਆ ਜਾਵੇ।

(ਆਈਟਮ ਨੰ:4)

ਬੋਰਡ ਦੇ ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਵਿੱਚ ਗਤੀ ਲਿਆਉਣ ਲਈ ਉਸਾਰੀ ਕਾਮਿਆਂ ਨੂੰ ਅੰਸ਼ਦਾਨ ਤੋਂ ਛੋਟ ਦੇਣ ਸਬੰਧੀ ਸਕੱਤਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਐਕਟ, 1996 ਦੀ ਧਾਰਾ 16(1) ਦੇ ਹੇਠ ਦਰਜ ਪ੍ਰੋਵਿਜੋ ਅਨੁਸਾਰ ਲਾਭਪਾਤਰੀ ਨੂੰ ਇਕ ਵਾਰ ਕੇਵਲ ਤਿੰਨ ਮਹੀਨੇ ਲਈ ਛੋਟ ਦਿੱਤੀ ਜਾ ਸਕਦੀ ਹੈ। ਲੇਕਿਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼, 2008 ਦੇ ਰੂਲ 261(1) ਅਨੁਸਾਰ ਰਾਜ ਸਰਕਾਰ ਸਮੇਂ-ਸਮੇਂ ਸਿਰ ਅਧਿਸੂਚਨਾਂ ਜਾਰੀ ਕਰਕੇ ਲਾਭਪਾਤਰੀ ਲਈ ਅੰਸ਼ਦਾਨ ਦਾ ਰੇਟ ਨਿਰਧਾਰਤ ਕਰ ਸਕਦੀ ਹੈ। ਉਕਤ ਰੂਲ ਹੇਠ ਅਨੁਸਾਰ ਦਰਜ ਹੈ:-

> "**261. Contribution to the Fund:-** (1) A beneficiary of the Fund, shall contribute to the Fund at such rate, as may be notified by the State Government from time to time. This contribution shall be remitted in advance once in three months in any of the banks, specified by the Board in the district, in which the member resides."

ਰੂਲ 261(1) ਦੇ ਉਕਤ ਉਪਬੰਧਾਂ ਨੂੰ ਮੁੱਖ ਰੱਖਦੇ ਹੋਏ, ਬੋਰਡ ਵੱਲੋਂ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਅੰਸ਼ਦਾਨ ਵੱਜੋਂ ਨਿਰਧਾਰਿਤ ਮੋਜ਼ੂਦਾ 10/- ਰੁਪਏ ਪ੍ਰਤੀ ਮਹੀਨਾ ਦੀ ਰਕਮ ਨੂੰ ਘਟਾਕੇ 5/- ਰੁਪਏ ਪ੍ਰਤੀ ਮਹੀਨਾ ਕਰਨ ਲਈ ਸਰਕਾਰ ਨੂੰ ਅਧਿਸੂਚਨਾ ਜਾਰੀ ਕਰਨ ਲਈ ਲਿਖ ਦਿੱਤਾ ਜਾਵੇ ਅਤੇ ਇਹ ਸਹੂਲਤ ਫਿਲਹਾਲ ਮਿਤੀ 31-12-2011 ਤੱਕ ਹੀ ਦਿੱਤੀ ਜਾਵੇ ਅਤੇ ਉਸ ਉਪਰੰਤ ਇਸ ਸਹੂਲਤ ਨੂੰ ਜਾਰੀ ਰੱਖਣ ਬਾਰੇ ਫੈਸਲੇ ਨੂੰ ਰਿਵਿਊ ਕੀਤਾ ਜਾਵੇ।

(ਸਪਲੀਮੈਂਟਰੀ ਆਈਟਮ ਨੰ:1)

ਬੋਰਡ ਦੇ ਬੈਂਕ ਅਕਾਊਂਟ ਉਪਰੇਟ ਕਰਨ ਲਈ ਬੋਰਡ ਵੱਲੋਂ ਸਲਾਹਕਾਰ ਤੇ ਡਿਪਟੀ ਸਕੱਤਰ ਨੂੰ ਸਾਂਝੇ ਤੋਰ ਤੇ ਅਧਿਕਾਰ ਦਿੱਤੇ ਹੋਏ ਸਨ, ਲੇਕਿਨ ਡਿਪਟੀ ਸਕੱਤਰ ਸ਼੍ਰੀ ਐਸ.ਐਸ.ਸਿੱਧੂ ਵੱਲੋਂ ਦਫਤਰ ਵਿੱਚ ਹਾਜ਼ਰ ਨਾ ਹੋਣ ਕਰਕੇ, ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਕੇਵਲ ਸਲਾਹਕਾਰ ਨੂੰ ਅਕਾਊਂਟ ਉਪਰੇਟ ਕਰਨ ਲਈ ਅਧਿਕਾਰਤ ਕਰ ਦਿੱਤਾ ਗਿਆ ਸੀ। ਸਕੱਤਰ ਵੱਲੋਂ ਸੁਝਾ ਦਿੱਤਾ ਗਿਆ ਕਿ ਕਿਉਂਜੋ ਸਰਕਾਰ ਵੱਲੋਂ ਹੁਣ ਕਿਰਤ ਕਮਿਸ਼ਨਰ ਦਫਤਰ ਦੇ ਡਿਪਟੀ ਕੰਟਰੋਲਰ (ਵਿ. ਤੇ ਲੇ) ਨੂੰ ਬੋਰਡ ਦਾ ਵਾਧੂ ਕੰਮ ਕਰਨ ਦੇ ਅਧਿਕਾਰ ਦਿੱਤੇ ਗਏ ਹਨ, ਇਸ ਲਈ ਅੱਗੇ ਤੋਂ ਬੋਰਡ ਦੇ ਬੈਂਕ ਅਕਾਊਂਟ, ਸਲਾਹਕਾਰ ਅਤੇ ਕਿਰਤ ਵਿਭਾਗ ਦੇ ਡਿਪਟੀ ਕੰਟਰੋਲਰ (ਵਿ. ਤੇ ਲੇ) ਵੱਲੋਂ ਸਾਂਝੇ ਤੋਰ ਤੇ ਉਪਰੇਟ ਕਰਨ ਦੇ ਅਧਿਕਾਰ ਦੇਣੇ ਯੋਗ ਹੋਣਗੇ। ਬੋਰਡ ਵੱਲੋਂ ਇਸ ਸੁਝਾ ਨੂੰ ਪ੍ਰਵਾਨ ਕੀਤਾ ਗਿਆ।

(ਸਪਲੀਮੈਂਟਰੀ ਆਈਟਮ ਨੰ:2)

ਬੋਰਡ ਵੱਲੋਂ ਉਸਾਰੀ ਕਾਮਿਆਂ ਨੂੰ ਲਾਭਪਾਤਰੀ ਵੱਜੋਂ ਸ਼ਨਾਖਤੀ ਕਾਰਡ ਬਣਾਉਣ ਲਈ ਉਨਾਂ ਦੀ ਫੋਟੋ ਖਿਚਣ ਵਾਸਤੇ ਅਤੇ ਜਰੂਰਤ ਅਨੁਸਾਰ ਬੋਰਡ ਨਾਲ ਜੁੜੇ ਹੋਰ ਕੰਮਾਂ ਲਈ ਡਿਜੀਟਲ ਕੈਮਰਿਆਂ ਦੀ ਖ੍ਰੀਦ ਕਰਨ ਸਬੰਧੀ ਕਿਰਤ ਵਿਭਾਗ ਦੇ ਹਰ ਇਕ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਨੂੰ ਆਪਣੀ ਪੱਧਰ ਤੇ 5000/- ਰੁਪਏ ਦੀ ਰਕਮ ਤੱਕ ਸਰਕਾਰੀ ਨਿਯਮਾਂ ਅਨੁਸਾਰ ਕੈਮਰੇ ਖ੍ਰੀਦ ਕਰਨ ਦੇ ਅਧਿਕਾਰ ਦੇਣਾ ਪ੍ਰਵਾਨ ਕੀਤਾ ਗਿਆ ਹੈ।

**ਚੌਥੀ ਮੀਟਿੰਗ ਵਿੱਚ ਲਏ ਫੈਸਲਿਆਂ ਸਬੰਧੀ ਕੀਤੀ ਕਾਰਵਾਈ ਬਾਰੇ ਦਰਜ ਬਾਕੀ ਮੁੱਦਿਆਂ ਬਾਰੇ ਬੋਰਡ ਵੱਲੋਂ ਸਹਿਮਤੀ ਪ੍ਰਗਟਾਈ ਗਈ।**

**ਆਈਟਮ ਨੰ:3 ਬੋਰਡ ਦੇ ਸਾਲ 2010-11 ਦੇ ਅਸਲ ਬਜਟ ਅਤੇ ਸਾਲ 2011-12 ਦੇ ਅਨੁਮਾਨਤ ਬਜਟ ਦੀ ਪ੍ਰਵਾਨਗੀ ਬਾਰੇ।**

ਬੋਰਡ ਵੱਲੋਂ ਸਾਲ 2010-11 ਦੇ ਅਸਲ ਬਜਟ ਅਤੇ ਸਾਲ 2011-12 ਦੇ ਅਨੁਮਾਨਤ ਬਜਟ ਪ੍ਰਵਾਨ ਕੀਤੇ ਗਏ।

ਇਸ ਤੋਂ ਇਲਾਵਾ ਸਕੱਤਰ ਵੱਲੋਂ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ ਕਿ ਬੋਰਡ ਵੱਲੋਂ ਵੱਖ-ਵੱਖ ਮੀਟਿੰਗਾਂ ਵਿੱਚ ਉਸਾਰੀ ਕਿਰਤੀਆਂ ਲਈ ਜੋ ਭਲਾਈ ਸਕੀਮਾਂ ਪ੍ਰਵਾਨ ਕੀਤੀਆਂ ਗਈਆਂ ਸਨ, ਉਹ ਸਰਕਾਰ ਨੂੰ ਰੂਲਜ਼ 2008 ਦੇ ਰੂਲ 265 ਅਧੀਨ ਪ੍ਰਵਾਨਗੀ ਲਈ ਭੇਜੀਆਂ ਗਈਆਂ ਸਨ। ਸਰਕਾਰ ਵੱਲੋਂ ਉਨ੍ਹਾਂ ਵਿੱਚੋਂ ਕੇਵਲ ਤਿੰਨ ਸਕੀਮਾਂ (i) ਰਾਸ਼ਟਰੀ ਸਵਾਸਥ ਬੀਮਾ ਯੋਜਨਾ ਸਕੀਮ, (ii) ਐਕਸਗ੍ਰੇਸ਼ੀਆ ਸਕੀਮ ਅਤੇ (iii) ਵਜੀਫਾ ਸਕੀਮ ਦੀ ਹੀ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਬਾਕੀ ਸਕੀਮਾਂ ਬਾਰੇ ਰੂਲਾਂ ਦੇ ਉਪਬੰਧਾਂ ਅਨੁਸਾਰ ਉਚਿੱਤਤਾ ਦੇਣ ਲਈ ਲਿਖਿਆ ਗਿਆ ਸੀ। ਇਸ ਕਾਰਣ ਬੋਰਡ ਦੀ ਪੰਜਵੀਂ ਮੀਟਿੰਗ ਲਈ ਤਿਆਰ ਕੀਤੇ ਅਜੰਡੇ ਵਿੱਚ ਉਕਤ ਤਿੰਨ ਸਕੀਮਾਂ ਬਾਰੇ ਹੀ ਸਾਲ 2011-12 ਲਈ ਅਨੁਮਾਨਤ ਬਜਟ ਦਾ ਪ੍ਰਾਵਧਾਨ ਰੱਖਿਆ ਗਿਆ ਸੀ।

ਸਕੱਤਰ ਵੱਲੋਂ ਮੈਂਬਰ ਸਾਹਿਬਾਨ ਨੂੰ ਅੱਗੇ ਦੱਸਿਆ ਕਿ ਮੀਟਿੰਗ ਦਾ ਅਜੰਡਾ ਸਰਕੂਲੇਟ ਹੋਣ ਉਪਰੰਤ, ਮਿਤੀ 27-6-2011 ਨੂੰ ਸਰਕਾਰ ਨੇ ਉਸਾਰੀ ਕਿਰਤੀਆਂ ਦੀ ਭਲਾਈ ਲਈ ਬਾਕੀ ਰਹਿੰਦੀਆਂ ਨਿਮਨ-ਲਿਖਿਤ ਸਕੀਮਾਂ ਦੀ ਵੀ ਕੁਝ ਸ਼ਰਤਾਂ ਲਗਾਕੇ ਪ੍ਰਵਾਨਗੀ ਦੇ ਦਿੱਤੀ ਹੈ, ਇਸ ਕਾਰਣ ਇਨ੍ਹਾਂ ਸਕੀਮਾਂ ਲਈ ਵੀ ਉਨ੍ਹਾਂ ਦੇ ਸਾਹਮਣੇ ਦਰਸਾਏ ਅਨੁਸਾਰ ਅਨੁਮਾਨਤ ਬਜਟ ਰੱਖਣ ਦੀ ਲੋੜ ਹੈ:-

| ਲੜੀ ਨੰ: | ਸਕੀਮ | ਸ਼ਰਤਾਂ | ਅਨੁਮਾਨਤ ਰਕਮ (₹ ਲੱਖਾਂ ਵਿੱਚ) |
|---|---|---|---|
| 1. | ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ **ਲੜਕੀਆਂ ਦੀ ਸ਼ਾਦੀ ਲਈ ਵਿਆਜ ਰਹਿਤ ਕਰਜਾ 30,000/- (ਕਰਜੇ ਦੀ ਰਾਸ਼ੀ)** | (ੳ) ਕਰਜੇ ਦੀ ਰਕਮ ਕੇਵਲ ਇਕੋ ਵਾਰ ਇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਦਿੱਤੀ ਜਾਵੇਗੀ।<br>(ਅ) ਕਰਜੇ ਦੀ ਵਸੂਲੀ 30 ਬਰਾਬਾਰ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕੀਤੀ ਜਾਵੇਗੀ।<br>(ੲ) ਪ੍ਰਬੰਧਕਾਂ/ ਮਾਲਕਾਂ ਦੀ ਗਰੰਟੀ ਤੇ ਹੀ ਕਰਜਾ ਮੰਜ਼ੂਰ ਕੀਤਾ ਜਾਵੇਗਾ।<br>ਜੇਕਰ ਪ੍ਰਬੰਧਕ/ ਮਾਲਕ ਗਰੰਟੀ ਨਹੀਂ ਦਿੰਦਾ ਤਾਂ ਉਸ ਸੂਰਤ ਵਿੱਚ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ ਆਪਣੀ ਅੱਚਲ ਸੰਪਤੀ ਦੇ ਠੋਸ ਸਬੂਤ ਸਮੇਤ ਗਰੰਟੀ ਵੱਜੋਂ ਪੇਸ਼ ਕਰਨੇ ਜ਼ਰੂਰੀ ਹੋਣਗੇ।<br>(ਸ) ਪੰਜਾਬ ਵਿੱਚ ਪੱਕੇ ਤੌਰ ਤੇ ਰਿਹਾਇਸ਼/ ਤਿੰਨ ਸਾਲ ਤੋਂ ਕੰਮ ਕਰਨ ਬਾਰੇ ਅਤੇ ਪੰਜਾਬ ਵਿੱਚ ਲੜਕੀ ਦੀ ਸ਼ਾਦੀ ਬਾਰੇ ਸ਼ਰਤਾਂ ਹੇਠ ਲੜੀ ਨੰ:2 ਤੇ ਦੱਸੀ ਸ਼ਗਨ ਸਕੀਮ ਵਾਂਗ ਹੀ ਜ਼ਰੂਰੀ ਹੋਣਗੀਆਂ।<br>(ਹ) ਨਿਰਧਾਰਤ ਸ਼ਰਤਾਂ ਦੇ ਅਧਾਰ ਤੇ ਦਰਖਾਸਤ ਦੀ ਮੁਕੰਮਲ ਪੜਤਾਲ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੀ ਪੱਧਰ ਤੇ ਕਰਨ ਉਪਰੰਤ ਉਨ੍ਹਾਂ ਦੀ ਸਿਫਾਰਸ਼ ਅਨੁਸਾਰ ਹੀ ਦਰਖਾਸਤ ਤੇ ਵਿਚਾਰ ਕੀਤੀ ਜਾਵੇਗੀ।<br>(ਕ) ਇਹ ਵੀ ਜਰੂਰੀ ਹੈ ਕਿ ਪਹਿਲਾਂ ਕਿਸੇ ਹੋਰ ਕਰਜਾ ਸਕੀਮ ਅਧੀਨ ਕਰਜੇ ਦੀ ਰਕਮ ਬਕਾਇਆ ਨਹੀਂ ਹੋਣੀ ਚਾਹੀਦੀ। | 50 ਲੱਖ |

| | | | |
|---|---|---|---|
| 2. | ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ **ਲੜਕੀਆਂ ਦੀ ਸ਼ਾਦੀ ਦੇ ਸ਼ਗਨ ਸਕੀਮ**<br>**5100/- (ਸ਼ਗਨ ਦੀ ਰਕਮ)** | (ੳ) ਕੇਵਲ ਇੱਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।<br>(ਅ) ਕਿਉਂ ਜੋ ਉਸਾਰੀ ਕਿਰਤੀ ਦੀ ਲੜਕੀ ਦੀ ਸ਼ਾਦੀ ਤੇ 'ਸ਼ਗਨ ਸਕੀਮ' ਅਤੇ 'ਸ਼ਾਦੀ ਲਈ ਵਿਆਜ ਰਹਿਤ ਕਰਜਾ ਸਕੀਮ' ਦੋਵੇਂ ਹੀ ਰਾਹਤ ਸਕੀਮਾਂ ਹਨ, ਇਸ ਲਈ ਕਰਜਾ ਸਕੀਮ ਅਧੀਨ ਲਾਭ ਉਠਾਉਣ ਵਾਲੇ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ 'ਸ਼ਗਨ ਸਕੀਮ' ਦਾ ਲਾਭ ਨਹੀਂ ਮਿਲੇਗਾ।<br>(ੲ) ਪੰਜੀਕ੍ਰਿਤ ਕਿਰਤੀ ਪੰਜਾਬ ਰਾਜ ਵਿੱਚ ਘੱਟੋ-ਘੱਟ ਪਿਛਲੇ ਤਿੰਨ ਸਾਲ ਤੋਂ ਉਸਾਰੀ ਕਾਮੇ ਦੇ ਤੌਰ ਤੇ ਕੰਮ ਕਰ ਰਿਹਾ ਹੋਵੇ ਅਤੇ ਲੜਕੀ ਦੀ ਸ਼ਾਦੀ ਆਪਣੇ ਪੰਜਾਬ ਦੇ ਮੌਜੂਦਾ ਰਿਹਾਇਸ਼ੀ ਪਤੇ ਤੇ ਕਰ ਰਿਹਾ ਹੋਵੇ ਜਿਸ ਬਾਰੇ ਰਿਹਾਇਸ਼ੀ ਸਬੂਤ ਪੇਸ਼ ਕਰਨਾ ਜਰੂਰੀ ਹੈ।<br>(ਸ) ਪੰਜੀਕ੍ਰਿਤ ਕਿਰਤੀ ਨੂੰ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਦਰਖਾਸਤ ਦੇਣੀ ਜਰੂਰੀ ਹੈ। ਦਰਖਾਸਤ ਨਾਲ ਸ਼ਾਦੀ ਦਾ ਕਾਰਡ ਵੀ ਹੋਣਾ ਚਾਹੀਦਾ ਹੈ। | 50 ਲੱਖ |
| 3. | ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੌਰਾਨ **ਯਾਤਰਾ ਲਈ ਸਹੂਲਤ**<br>**1000/- (ਐਲ.ਟੀ.ਸੀ. ਦੀ ਰਕਮ)** | (ੳ) ਉਸਾਰੀ ਕਿਰਤੀ ਕੇਵਲ ਦੂਜੇ ਰਾਜਾਂ ਵਿੱਚ (ਆਪਣੀ ਸਟੇਟ/ Hometown ਨੂੰ ਛੱਡ ਕੇ) ਧਾਰਮਿਕ/ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ। ਦੁਬਾਰਾ 4 ਸਾਲ ਬਾਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।<br>(ਅ) ਐਲ.ਟੀ.ਸੀ. ਦੀ ਸਹੂਲਤ ਯਾਤਰਾ ਤੋਂ ਵਾਪਸ ਆਉਣ ਉਪਰੰਤ ਸਵੈ ਘੋਸ਼ਣਾ/ ਸਬੂਤ (Self declaration/ proof) ਪੇਸ਼ ਕਰਨ ਤੇ ਦਿਤੀ ਜਾਵੇਗੀ ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਭੇਜਣ ਲਈ ਜਿੰਮੇਵਾਰ ਹੋਣਗੇ।<br>(ੲ) ਕਿਰਤੀ ਵੱਲੋਂ ਸਵੈ-ਘੋਸ਼ਣਾ ਵੀ ਦੇਣੀ ਹੋਵੇਗੀ ਕਿ ਉਹ ਯਾਤਰਾ ਆਪਣੇ ਜੋਖਮ ਤੇ ਕਰੇਗਾ ਅਤੇ ਅਣਸੁਖਾਵੀ ਘਟਨਾ ਵਾਪਰਨ ਤੇ ਬੋਰਡ ਤੋਂ ਕੋਈ ਕਲੇਮ ਨਹੀਂ ਕਰੇਗਾ। | 50 ਲੱਖ |
| 4. | ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜ਼ਨ, ਕੰਪਿਊਟਰ ਅਤੇ ਕਣਕ ਦੀ ਖ੍ਰੀਦ ਲਈ ਬਿਨਾਂ ਬਿਆਜ ਕਰਜੇ।<br>**ਬਾਈਸਾਈਕਲ 2500/-**<br>**ਸਿਲਾਈ ਮਸ਼ੀਨ 1000/-**<br>**ਪੱਖੇ 800/-** | ਕਰਜੇ ਦੀ ਵਸੂਲੀ ਬਰਾਬਰ 12 ਮਾਸਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br>ਕਰਜਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਜ਼ੂਰ ਕੀਤੀ ਜਾਵੇਗੀ।<br>ਕਰਜਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵੱਲੋਂ ਹਰ ਮਹੀਨੇ ਕਿਰਤੀ ਦੀ ਤਨਖਾਹ ਵਿੱਚੋਂ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜਾਵੇਗੀ।<br>ਕਿਰਤੀ ਨੂੰ ਵਸਤੂ ਲਈ ਕਰਜੇ ਦੀ ਮੰਜ਼ੂਰ ਰਕਮ ਜਾਂ ਅਸਲ ਕੀਮਤ ਜੋ ਵੀ ਘੱਟ ਹੋਵੇ ਦਿੱਤੀ ਜਾਵੇਗੀ। | 100 ਲੱਖ |
| | **ਟੈਲੀਵੀਜ਼ਨ 5000/-** | ਕਰਜੇ ਦੀ ਵਸੂਲੀ 20 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕਰਕੇ ਭਿਜਵਾਈ ਜਾਵੇ। | |
| | **ਕੰਪਿਊਟਰ 15000/-** | ਕਰਜੇ ਦੀ ਵਸੂਲੀ 30 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕਰਕੇ ਭਿਜਵਾਈ ਜਾਵੇ। | |
| | **ਕਣਕ ਐਡਵਾਂਸ 2500/-**<br>**(ਕਰਜੇ ਦੀ ਰਕਮ)** | (ੳ) ਕਰਜੇ ਦੀ ਵਸੂਲੀ ਬਰਾਬਰ 12 ਮਾਸਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br>(ਅ) ਕਣਕ ਦੀ ਖ੍ਰੀਦ ਲਈ ਕਰਜਾ ਰਾਜ ਸਰਕਾਰ ਵੱਲੋਂ ਆਪਣੇ ਦਰਜਾ-4 ਮੁਲਾਜ਼ਮਾਂ ਲਈ ਮੰਜ਼ੂਰ ਕੀਤੀ ਜਾਂਦੀ ਰਕਮ ਵਾਂਗ ਹੀ ਮੰਜ਼ੂਰ ਕੀਤਾ ਜਾਵੇਗਾ।<br>(ੲ) ਅਣਸਿਖਿਅਤ (unskilled) ਕਿਰਤੀਆਂ ਨੂੰ ਪਹਿਲਾਂ ਆਉ ਪਹਿਲਾਂ ਪਾਓ (First come first serve) ਦੇ ਅਧਾਰ ਤੇ ਕਰਜੇ ਦੀ ਮੰਜ਼ੂਰੀ ਲਈ ਪਹਿਲ ਦਿੱਤੀ ਜਾਵੇਗੀ।<br>(ਸ) ਕਰਜੇ ਲਈ ਬੁਕਿੰਗ ਹਰ ਸਾਲ ਮਹੀਨਾ ਮਾਰਚ ਵਿੱਚ ਕੀਤੀ ਜਾਵੇਗੀ। | |

**ਕਰਜਾ ਸਕੀਮਾਂ ਲਈ ਵਿਸ਼ੇਸ਼ ਨੋਟ:–**

i) ਕਰਜਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਜ਼ੂਰ ਕੀਤੀ ਜਾਵੇਗੀ।

ii) ਕਰਜਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵੱਲੋਂ ਹਰ ਮਹੀਨੇ ਕਿਰਤੀ ਦੀ ਤਨਖਾਹ ਵਿੱਚੋਂ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜਾਵੇਗੀ।

iii) 5 ਸਾਲ ਤੋਂ ਪਹਿਲਾਂ ਦੁਬਾਰਾ ਉਸੇ ਵਸਤੂ ਲਈ ਕਰਜਾ ਨਹੀਂ ਦਿੱਤਾ ਜਾਵੇਗਾ।

iv) ਦੁਬਾਰਾ ਕਰਜਾ ਕੇਵਲ ਦੁਰਘਟਨਾ ਵਾਪਰਨ ਤੇ ਜਾਂ ਵਸਤੂ ਦੇ ਨਾਕਾਰਾ ਹੋਣ ਦੀ ਸੂਰਤ ਵਿੱਚ, ਵਸਤੂ ਦੇ ਚੋਰੀ ਹੋਣ ਵਰਗੇ ਹਾਲਾਤਾਂ ਵਿੱਚ ਹੀ ਦਿੱਤਾ ਜਾਵੇਗਾ।

v) ਪਹਿਲਾਂ ਲਈ ਕਰਜੇ ਦੀ ਕੋਈ ਵੀ ਵਸੂਲੀ ਬਕਾਇਆ ਨਹੀਂ ਹੋਣੀ ਚਾਹੀਦੀ।

vi) ਸਿਲਾਈ ਮਸ਼ੀਨ, ਪੱਖੇ, ਕਣਕ - ਖਰੀਦਣ ਲਈ ਕਰਜੇ ਕੇਵਲ ਉਸ ਸੂਰਤ ਵਿੱਚ ਦਿੱਤੇ ਜਾਣਗੇ, ਜੇ ਕਿਰਤੀ ਸੀ ਫੈਮਿਲੀ ਉਸਦੇ ਨਾਲ ਰਹਿੰਦੀ ਹੈ।

ਬੋਰਡ ਵੱਲੋਂ ਉਪਰੋਕਤ ਅਨੁਸਾਰ ਭਲਾਈ ਸਕੀਮਾਂ ਅਜੰਡੇ ਵਿੱਚ ਮੌਕੇ ਤੇ ਸ਼ਾਮਿਲ ਕਰਕੇ ਇਨ੍ਹਾਂ ਲਈ ਅਨੁਮਾਨਤ ਬਜਟ ਦੀ ਪ੍ਰਵਾਨਗੀ ਦਿੰਦੇ ਹੋਏ ਸੰਪੂਰਨ ਆਈਟਮ ਪ੍ਰਵਾਨ ਕੀਤੀ ਗਈ, ਜਿਸ ਅਨੁਸਾਰ ਇਸ ਆਈਟਮ ਅਧੀਨ 'ੳ', 'ਅ' ਅਤੇ 'ੲ' ਦੇ ਮੱਦ ਅਧੀਨ ਸਾਲ 2011-12 ਦੇ ਅਨੁਮਾਨਤ ਬਜਟ ਵੱਜੋਂ ਕੁੱਲ 1605.86 ਲੱਖ ਰੁਪਏ ਦੀ ਰਕਮ ਪ੍ਰਵਾਨ ਕੀਤੀ ਗਈ, ਜਿਸਦੇ ਵੇਰਵੇ ਅਨੈਕਸਚਰ 'A' ਤੇ ਦਿੱਤੇ ਗਏ ਹਨ।

ਪ੍ਰਮੁੱਖ ਸਕੱਤਰ ਜੀ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਕਿਰਤ ਭਲਾਈ ਸਕੀਮਾਂ ਵਿੱਚ "ਐਡਵਰਟਾਈਜ਼ਮੈਂਟ ਖਾਤਾ" ਦੀ ਮੱਦ ਅਧੀਨ ਕਿਰਤ ਭਲਾਈ ਸਕੀਮਾਂ ਦਾ ਪ੍ਰਚਾਰ ਬਾਕੀ ਦਰਸਾਏ ਸਾਧਨਾਂ ਤੋਂ ਇਲਾਵਾ, ਸਰਕਾਰੀ ਮਾਸਿਕ ਰਸਾਲੇ ਜਿਵੇਂ ਕਿ "ਜਾਗ੍ਰਤੀ" ਵਗੈਰਾ ਰਾਹੀਂ ਵੀ ਦੇਣ ਦਾ ਪ੍ਰਬੰਧ ਕੀਤਾ ਜਾਵੇ, ਜਿਸਨੂੰ ਕਿ ਬੋਰਡ ਵੱਲੋਂ ਪ੍ਰਵਾਨ ਕੀਤਾ ਗਿਆ।

**ਆਈਟਮ ਨੰ:4 ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਹਨਾਂ ਦੇ ਪ੍ਰੀਵਾਰਾਂ ਦੀ ਭਲਾਈ ਲਈ ਪ੍ਰਵਾਨਤ ਭਲਾਈ ਸਕੀਮਾਂ ਅਧੀਨ ਸਾਲ 2010-11 ਦੌਰਾਨ ਮੰਜ਼ੂਰ ਕੀਤੀ ਰਕਮਾਂ ਦੀ ਕਾਰਜ ਬਾਅਦ ਪ੍ਰਵਾਨਗੀ ਦੇਣ ਬਾਰੇ।**

ਬੋਰਡ ਵੱਲੋਂ ਸਾਲ 2010-11 ਦੌਰਾਨ ਐਕਸਗ੍ਰੇਸ਼ੀਆ ਸਕੀਮ ਅਤੇ ਵਜੀਫਾ ਸਕੀਮ ਅਧੀਨ ਕੁਲ ਰਕਮ 11,08,260/- ਰੁ:, ਜੋ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਲੈਣ ਉਪਰੰਤ ਮੰਜ਼ੂਰ ਕਰਕੇ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਰਾਹੀਂ ਵੰਡੀ ਗਈ, ਦੀ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਪ੍ਰਮੁੱਖ ਸਕੱਤਰ ਜੀ ਵੱਲੋਂ ਇਹ ਦੱਸਿਆ ਗਿਆ ਕਿ ਭਾਵੇਂ ਐਕਸਗ੍ਰੇਸ਼ੀਆ ਸਕੀਮ ਦਾ ਲਾਭ ਕੇਵਲ ਰਜਿਸਟਰਡ ਲਾਭਪਾਤਰੀਆਂ ਨੂੰ ਹੀ ਮਿਲ ਸਕਦਾ ਹੈ, ਲੇਕਿਨ ਉਨ੍ਹਾਂ ਦੇ ਵਿਚਾਰ ਅਨੁਸਾਰ ਇਸ ਸਕੀਮ ਦਾ ਲਾਭ ਉਨ੍ਹਾਂ ਅਨ-ਰਜਿਸਟਰਡ ਉਸਾਰੀ ਕਿਰਤੀਆਂ ਨੂੰ ਵੀ ਮਿਲਣਾ ਚਾਹੀਦਾ ਹੈ ਜਿਨ੍ਹਾਂ ਦੀ ਕੰਮ ਦੌਰਾਨ ਮੌਤ ਹੋ ਗਈ ਹੋਵੇ। ਪ੍ਰਮੁੱਖ ਸਕੱਤਰ ਜੀ ਨੇ ਇਹ ਵੀ ਸੁਝਾ ਦਿੱਤਾ ਕਿ ਜੇਕਰ ਇਸ ਪ੍ਰਕ੍ਰਿਆ ਵਿੱਚ ਕੋਈ ਆਡਿਟ ਇਤਰਾਜ ਹੋਣ ਦੀ ਸੰਭਾਵਨਾ ਹੈ ਤਾਂ ਉਸ ਬਾਰੇ ਅਕਾਊਂਟੈਂਟ ਜਨਰਲ ਪੰਜਾਬ ਨੂੰ ਕੇਸ ਭੇਜ ਕੇ ਉਨ੍ਹਾਂ ਤੋਂ ਪੂਰਵ-ਅਗਵਾਈ ਪ੍ਰਾਪਤ ਕਰ ਲੈਣੀ ਯੋਗ ਹੋਵੇਗੀ। ਬੋਰਡ ਵੱਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**ਆਈਟਮ ਨੰ:5 ਬੋਰਡ ਦੇ ਨਾਨ-ਆਫੀਸ਼ਲ ਮੈਂਬਰਾਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਵੱਜੋਂ ਫੀਸ/ ਅਲਾਊਂਸ ਦੀ ਅਦਾਇਗੀ ਕਰਨ ਬਾਰੇ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਰੂਲਜ਼ 2008 ਦੇ ਰੂਲ 253 ਵਿੱਚ ਕੀਤੇ ਉਪਬੰਧਾਂ ਨੂੰ ਮੁੱਖ ਰੱਖਦੇ ਹੋਏ, ਬੋਰਡ ਦੀਆਂ ਮੀਟਿੰਗਾਂ ਵਿੱਚ ਭਾਗ ਲੈਣ ਵਾਲੇ ਹਰਇਕ ਗੈਰ-ਸਰਕਾਰੀ ਮੈਂਬਰ (ਨਾਨ-ਆਫੀਸ਼ਲ ਮੈਂਬਰ) ਨੂੰ 2500/- ਰੁਪਏ ਪ੍ਰਤੀ ਮੀਟਿੰਗ, ਫੀਸ/ਅਲਾਊਂਸ ਦੇ ਤੋਰ ਤੇ ਮਿਤੀ 28-6-2011 ਦੀ ਮੀਟਿੰਗ ਤੋਂ ਹੀ ਦੇਣਾ ਪ੍ਰਵਾਨ ਕੀਤਾ ਗਿਆ।

**ਆਈਟਮ ਨੰ:6 ਕਿਰਤ ਕਮਿਸ਼ਨਰ ਪੰਜਾਬ ਅਤੇ ਐਡੀਸ਼ਨਲ ਕਿਰਤ ਕਮਿਸ਼ਨਰ ਪੰਜਾਬ ਵੱਲੋਂ ਬੋਰਡ ਦੇ ਬਤੌਰ ਸਕੱਤਰ ਅਤੇ ਸਲਾਹਕਾਰ ਕੰਮ ਕਰਨ ਦੇ ਇਵਜ ਵਿੱਚ ਉਨਾਂ ਨੂੰ ਮੋਬਾਇਲ ਫੋਨ ਸੁਵਿਧਾ ਅਤੇ ਉਨਾਂ ਦੇ ਦਫਤਰ ਵਿੱਚ ਦਫਤਰੀ ਕੰਮ ਸਬੰਧੀ ਆਉਣ ਵਾਲੇ ਉਸਾਰੀ ਕਿਰਤੀਆਂ ਦੇ ਪ੍ਰਤੀਨਿਧ/ ਠੇਕੇਦਾਰਾਂ ਲਈ ਚਾਹ-ਪਾਣੀ ਦੇ ਇੰਤਜਾਮ ਬਾਰੇ।**

ਬੋਰਡ ਵੱਲੋਂ ਇਸ ਆਈਟਮ ਅਧੀਨ ਸਕੱਤਰ, ਸਲਾਹਕਾਰ ਤੋਂ ਇਲਾਵਾ, ਡਿਪਟੀ ਸਕੱਤਰ ਨੂੰ ਸ਼ਾਮਿਲ ਕਰਕੇ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਗਈ:-

| **ਐਂਟਰਟੇਨਮੈਂਟ ਮੱਦ ਅਧੀਨ** | **ਖਰਚੇ ਦੀ ਪ੍ਰਤੀ-ਪੂਰਤੀ ਦੀ ਹੱਦ** |
|---|---|
| ਸਕੱਤਰ, ਬੋਰਡ | 3000/- ਰੁ: ਪ੍ਰਤੀ ਮਹੀਨਾ ਤੱਕ |
| ਸਲਾਹਕਾਰ, ਬੋਰਡ | 2000/- ਰੁ: ਪ੍ਰਤੀ ਮਹੀਨਾ ਤੱਕ |
| ਡਿਪਟੀ ਸਕੱਤਰ, ਬੋਰਡ | 1000/- ਰੁ: ਪ੍ਰਤੀ ਮਹੀਨਾ ਤੱਕ |

| **ਮੋਬਾਇਲ/ ਟੈਲੀਫੋਨ ਸੁਵਿਧਾ ਦੀ ਮੱਦ ਅਧੀਨ** | **ਖਰਚੇ ਦੀ ਪ੍ਰਤੀ-ਪੂਰਤੀ ਦੀ ਹੱਦ** |
|---|---|
| ਸਕੱਤਰ, ਬੋਰਡ | 1000/- ਰੁ: ਪ੍ਰਤੀ ਮਹੀਨਾ ਤੱਕ ਸਰਕਾਰੀ ਸਹੂਲਤ ਤੋਂ ਵੱਧ ਆਉਣ ਵਾਲੇ ਬਿਲ ਦੀ ਰਕਮ ਹੋਰ 1500/- ਰੁ: ਪ੍ਰਤੀ ਮਹੀਨਾ ਤੱਕ |
| ਸਲਾਹਕਾਰ, ਬੋਰਡ | 1000/- ਰੁ: ਪ੍ਰਤੀ ਮਹੀਨਾ ਤੱਕ |
| ਡਿਪਟੀ ਸਕੱਤਰ, ਬੋਰਡ | 1000/- ਰੁ: ਪ੍ਰਤੀ ਮਹੀਨਾ ਤੱਕ |

**ਆਈਟਮ ਨੰ:7 ਬੋਰਡ ਦੇ ਸਟਾਫ ਲਈ ਟੀ.ਏ./ ਡੀ.ਏ. ਆਦਿ ਦੀ ਸਹੂਲਤ ਦੇਣ ਬਾਰੇ।**

ਬੋਰਡ ਦੇ ਸਦਰ ਦਫਤਰ ਵਿਖੇ ਅਤੇ ਖੇਤਰੀ ਦਫਤਰਾਂ ਵਿੱਚ ਠੇਕੇ ਤੇ ਜਾਂ ਸਰਵਿਸ ਪ੍ਰੋਵਾਈਡਰ ਰਾਹੀਂ ਉਪਲਬਧ ਕਰਵਾਏ ਕਰਮਚਾਰੀਆਂ ਨੂੰ ਦਫਤਰੀ ਕੰਮ ਸੰਬਧੀ ਟੂਰ ਤੇ ਜਾਣ ਆਉਣ ਲਈ ਹੇਠ ਲਿਖੇ ਅਨੁਸਾਰ ਟੀ.ਏ./ ਡੀ.ਏ. ਦੇਣਾ ਪ੍ਰਵਾਨ ਕੀਤਾ ਗਿਆ ਹੈ:-

| **ਅਸਾਮੀ** | **ਭਰਤੀ ਦੀ ਵਿੱਧੀ** | **ਟੀ.ਏ./ ਡੀ.ਏ. ਦੀ ਸਹੂਲਤ** |
|---|---|---|
| 1. ਲੇਖਾ ਅਫਸਰ | ਠੇਕੇ ਤੇ ਸਿਧੀ ਭਰਤੀ @15000/- ਪ੍ਰਤੀ ਮਹੀਨਾ | ਬਸ/ ਰੇਲ ਕਿਰਾਏ ਦੇ ਨਾਲ 50 ਰੁ: ਡੇਲੀ ਅਲਾਊਂਸ |
| 2. ਸੁਪਰਡੰਟ | ਸਰਵਿਸ ਪ੍ਰੋਵਾਈਡਰ ਰਾਹੀਂ @15000/- ਪ੍ਰਤੀ ਮਹੀਨਾ | ਬਸ/ ਰੇਲ ਕਿਰਾਏ ਦੇ ਨਾਲ 50 ਰੁ: ਡੇਲੀ ਅਲਾਊਂਸ |
| 3. ਸਹਾਇਕ-ਕਮ-ਕੰਪਿਊਟਰ ਆਪਰੇਟਰ/ ਸਹਾਇਕ ਕੰਪਿਊਟਰ ਆਪਰੇਟਰ | -ਉਹੀ- (ਮਿਨੀਮਮ ਵੇਜਿਜ ਆਧਾਰ ਤੇ ) | ਬਸ/ ਰੇਲ ਕਿਰਾਏ ਦੇ ਨਾਲ 40 ਰੁ: ਡੇਲੀ ਅਲਾਊਂਸ |
| 4. ਡਰਾਈਵਰ | -ਉਹੀ- | 40 ਰੁ: ਡੇਲੀ ਅਲਾਊਂਸ |
| 5. ਸੇਵਾਦਾਰ | -ਉਹੀ- | ਬਸ/ ਰੇਲ ਕਿਰਾਏ ਦੇ ਨਾਲ 30 ਰੁ: ਡੇਲੀ ਅਲਾਊਂਸ |

ਜਦੋਂ ਤਕ ਬੋਰਡ ਦੇ ਆਪਣੇ ਸਰਵਿਸ ਰੂਲਜ਼ ਨਹੀਂ ਬਣ ਜਾਂਦੇ ਉਦੋਂ ਤਕ ਇਨ੍ਹਾਂ ਕਰਮਚਾਰੀਆਂ ਨੂੰ ਉਪਰੋਕਤ ਨਿਰਧਾਰਿਤ ਦਰਾਂ ਦੇ ਹਿਸਾਬ ਨਾਲ ਟੀ.ਏ./ ਡੀ.ਏ. ਦੀ ਸਹੂਲਤ ਦਿਤੀ ਜਾਵੇਗੀ।

**ਆਈਟਮ ਨੰ:8 ਬੋਰਡ ਦੇ ਸਦਰ ਦਫਤਰ/ ਖੇਤਰੀ ਅਧਿਕਾਰੀਆਂ ਲਈ ਸਰਵਿਸ ਪ੍ਰੋਵਾਈਡਰ ਰਾਹੀਂ, ਉਪਲਬਧ ਸਟਾਫ ਦੇ ਸੇਵਾ-ਕਾਲ ਵਿੱਚ ਵਾਧੇ ਅਤੇ ਅਸਾਮੀਆਂ ਦੇ ਪੁਨਰਗਠਨ ਬਾਰੇ।**

ਇਸ ਆਈਟਮ ਅਧੀਨ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

(ੳ) ਸਰਵਿਸ ਪ੍ਰੋਵਾਈਡਰ ਦੇ ਰਾਹੀਂ 45 ਸਹਾਇਕ ਕੰਪਿਊਟਰ ਆਪਰੇਟਰਾਂ ਦੀਆਂ ਅਸਾਮੀਆਂ ਦੀ ਮਿਆਦ 30-6-2011 ਤੀਕ ਵਧਾਉਣ ਦੀ ਕਾਰਜ ਬਾਅਦ ਪ੍ਰਵਾਨਗੀ ਦਿਤੀ ਗਈ ਅਤੇ ਇਸ ਉਪਰੰਤ ਇਨ੍ਹਾਂ ਅਸਾਮੀਆਂ ਦੀ ਮਿਆਦ ਅੱਗੇ ਹੋਰ 31-3-2012 ਤੱਕ ਵਧਾਉਣ ਦੀ ਪ੍ਰਵਾਨਗੀ ਦਿੱਤੀ ਗਈ।

(ਅ) ਸਰਵਿਸ ਪ੍ਰੋਵਾਈਡਰ ਰਾਹੀਂ ਸਹਾਇਕ ਕੰਪਿਊਟਰ ਆਪਰੇਟਰ ਦੀ ਅਸਾਮੀਆਂ ਦਾ ਪੁਨਰਗਠਨ ਕਰਦੇ ਹੋਏ, ਸਰਪਲਸ ਪ੍ਰਸਤਾਵਿਤ 6 ਸਹਾਇਕ ਕੰਪਿਊਟਰ ਆਪਰੇਟਰਾਂ ਦੀਆਂ ਅਸਾਮੀਆਂ ਖੇਤਰੀ ਦਫਤਰਾਂ ਵਿੱਚੋਂ ਸਦਰ ਦਫਤਰ ਵਿੱਚ ਸ਼ਿਫਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

| ਲੜੀ ਨੰ: | ਸਰਕਲ | ਮੌਜੂਦਾ ਪ੍ਰਵਾਨਤ ਅਸਾਮੀਆਂ ਸਹਾਇਕ-ਕਮ-ਕੰਪਿਊਟਰ ਓਪਰੇਟਰ/ ਸਹਾਇਕ ਕੰਪਿਊਟਰ ਓਪਰੇਟਰ | ਪੁਨਰਗਠਨ ਉਪਰੰਤ ਜਿੰਨੀ ਅਸਾਮੀਆਂ ਦੀ ਗਿਣਤੀ ਰਹੇਗੀ | ਸਰਪਲਸ |
|---|---|---|---|---|
| 1. | ਕਿਰਤ ਤੇ ਸੁਲਾਹ ਅਫਸਰ, ਸਰਕਲ ਨੰ:1, ਲੁਧਿਆਣਾ | 1+1 | 1 | **1** |
| 2. | ਕਿਰਤ ਤੇ ਸੁਲਾਹ ਅਫਸਰ, ਸਰਕਲ ਨੰ:2, ਲੁਧਿਆਣਾ | 1+1 | 1+1 | -- |
| 3. | ਕਿਰਤ ਤੇ ਸੁਲਾਹ ਅਫਸਰ, ਸਰਕਲ ਨੰ:3, ਲੁਧਿਆਣਾ | 1+1 | 1 | **1** |
| 4. | ਸਹਾਇਕ ਕਿਰਤ ਕਮਿਸ਼ਨਰ, ਸਰਕਲ ਨੰ:4, ਲੁਧਿਆਣਾ | 1+1 | 1+1 | -- |
| 5. | ਕਿਰਤ ਤੇ ਸੁਲਾਹ ਅਫਸਰ, ਸਰਕਲ ਨੰ:5, ਲੁਧਿਆਣਾ | 1+1 | 1 | **1** |
| 6. | ਕਿਰਤ ਤੇ ਸੁਲਾਹ ਅਫਸਰ, ਸਰਕਲ ਨੰ:6, ਲੁਧਿਆਣਾ | 1+1 | 1+1 | -- |
| 7. | ਸਹਾਇਕ ਕਿਰਤ ਕਮਿਸ਼ਨਰ, ਮੁਹਾਲੀ ਐਟ ਚੰਡੀਗੜ੍ਹ | 1+4 | 1+3 | **1** |
| 8. | ਸਹਾਇਕ ਕਿਰਤ ਕਮਿਸ਼ਨਰ, ਪਟਿਆਲਾ | 1+4 | 1+2 | **2** |

**ਆਈਟਮ ਨੰ:9 ਬੋਰਡ ਦੇ ਦਫਤਰ ਵਿੱਚ ਕੰਮਕਾਜ ਦੀ ਮਹੱਤਤਾ ਅਤੇ ਦਿਨ ਪ੍ਰਤੀ ਦਿਨ ਵੱਧ ਰਹੇ ਲੇਖਿਆਂ ਦੇ ਕੰਮਕਾਜ ਸਬੰਧੀ ਇਕ ਹੋਰ ਅਕਾਊਂਟਸ ਅਫਸਰ, ਇਕ ਅਕਾਊਂਟ ਸਹਾਇਕ ਅਤੇ 2 ਸੇਵਾਦਾਰਾਂ ਦੀ ਅਸਾਮੀਆਂ ਦੀ ਰਚਨਾ ਕਰਨ ਬਾਰੇ।**

ਬੋਰਡ ਦੇ ਦਫਤਰ ਵਿੱਚ ਕੰਮਕਾਜ ਦੀ ਮਹੱਤਤਾ ਅਤੇ ਦਿਨ ਪ੍ਰਤੀ ਦਿਨ ਵੱਧ ਰਹੇ ਲੇਖਿਆਂ ਦੇ ਕੰਮਕਾਜ ਸਬੰਧੀ, ਬੋਰਡ ਦੇ ਸਦਰ ਦਫਤਰ ਵਿੱਚ ਇਕ ਹੋਰ ਅਕਾਊਂਟਸ ਅਫਸਰ, ਇਕ ਅਕਾਊਂਟ ਸਹਾਇਕ ਅਤੇ 2 ਹੋਰ ਸੇਵਾਦਾਰਾਂ ਦੀਆਂ ਅਸਾਮੀਆਂ ਦੀ ਰਚਨਾ ਸਰਵਿਸ ਪ੍ਰੋਵਾਈਡਰ ਰਾਹੀਂ ਬੋਰਡ ਵੱਲੋਂ ਪਹਿਲਾਂ ਹੀ ਪ੍ਰਵਾਨਤ ਯੋਗਤਾਵਾਂ, ਤਨਖਾਹ ਅਤੇ ਹੋਰ ਸ਼ਰਤਾਂ ਦੇ ਅਧਾਰ ਤੇ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਮੌਜੂਦਾ ਅਧਿਕਾਰੀ/ ਕਰਮਚਾਰੀ ਜੋ ਸਿੱਧੇ ਤੋਰ ਤੇ ਠੇਕੇ ਰਾਹੀਂ ਰੱਖੇ ਹੋਏ ਹਨ, ਉਨ੍ਹਾਂ ਦੀਆਂ ਸੇਵਾਵਾਂ ਇਕ ਸਾਲ ਦਾ ਸੇਵਾ-ਕਾਲ ਸਮਾਪਤ ਹੋਣ ਉਪਰੰਤ, ਸਰਵਿਸ ਪ੍ਰੋਵਾਈਡਰ ਰਾਹੀਂ ਪ੍ਰਾਪਤ ਕੀਤੀਆਂ ਜਾਣ।

**<u>ਆਈਟਮ ਨੰ:10</u> ਬੋਰਡ ਵਿੱਚ ਠੇਕੇ ਤੇ ਨਿਯੁਕਤ ਅਧਿਕਾਰੀ/ ਕਰਮਚਾਰੀਆਂ ਅਤੇ ਸਰਵਿਸ ਪ੍ਰੋਵਾਈਡਰ ਰਾਹੀਂ ਉਪਲਬਧ ਕਰਵਾਏ ਕਰਮਚਾਰੀਆਂ ਦੀਆਂ ਸੇਵਾਵਾਂ ਚਲਦਾ ਰੱਖਣ ਬਾਰੇ ਅਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਬਾਰੇ।**

ਇਸ ਆਈਟਮ ਅਧੀਨ ਬੋਰਡ ਵੱਲੋਂ ਹੇਠ ਲਿਖੇ ਫੈਸਲੇ ਲਏ ਗਏ:-

(1) ਸਰਵਿਸ ਪ੍ਰੋਵਾਈਡਰ ਰਾਹੀਂ ਉਪਲੱਬਧ ਕਰਵਾਏ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਉਪਭੋਗਤਾ ਮੂਲ ਸੂਚਕ ਅੰਕਾਂ ਵਿੱਚ ਹਰ 6 ਮਹੀਨੇ ਮਗਰੋਂ (1 ਮਾਰਚ ਅਤੇ 1 ਸਤੰਬਰ ਤੋਂ) ਹੋਣ ਵਾਲੇ ਵਾਧੇ ਅਨੁਸਾਰ, ਤਨਖਾਹਾਂ ਵਿੱਚ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

(2) ਜਿਹੜੇ ਕਰਮਚਾਰੀ ਬੋਰਡ ਦੇ ਸਦਰ ਦਫਤਰ ਚੰਡੀਗੜ੍ਹ ਵਿਖੇ ਤੈਨਾਤ ਹੋਣਗੇ, ਉਨ੍ਹਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਮਾਸਿਕ ਤਨਖਾਹਾਂ ਦੇ ਬਰਾਬਰ ਤਨਖਾਹ ਦੇਣਾ ਪ੍ਰਵਾਨ ਕੀਤਾ ਗਿਆ ਹੈ।

(3) ਬੋਰਡ ਵੱਲੋਂ ਇਕ ਅਕਾਊਂਟਸ ਅਫਸਰ, ਇਕ ਅਕਾਊਂਟ ਸਹਾਇਕ ਅਤੇ ਇਕ ਸੁਪਰਡੰਟ ਦੀ ਤਨਖਾਹ ਵਿੱਚ ਵਾਧੇ ਦੀ ਤਜਵੀਜ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

(4) ਸਰਵਿਸ ਪ੍ਰੋਵਾਈਡਰ/ ਠੇਕੇ ਤੇ ਰਖੇ ਉਪਰੋਕਤ ਦੱਸੇ ਸਾਰੇ ਕਰਮਚਾਰੀ, ਜਿਨ੍ਹਾਂ ਵਿੱਚ ਇਕ ਅਕਾਊਂਟਸ ਅਫਸਰ, ਇਕ ਅਕਾਊਂਟ ਸਹਾਇਕ ਅਤੇ ਇਕ ਸੁਪਰਡੰਟ ਸ਼ਾਮਿਲ ਹਨ (ਸਿਵਾਏ 45 ਸਹਾਇਕ ਕੰਪਿਊਟਰ ਆਪਰੇਟਰ, ਜਿਨ੍ਹਾਂ ਦੇ ਸੇਵਾ-ਕਾਲ ਵਿੱਚ ਮਿਤੀ 31-3-2012 ਤੱਕ ਵਾਧਾ ਕਰਨ ਬਾਰੇ ਵਖਰੇ ਤੋਰ ਤੇ ਆਈਟਮ ਨੰ:8 ਪੇਸ਼ ਕੀਤੀ ਗਈ ਹੈ), ਦੀਆਂ ਸੇਵਾਵਾਂ ਦਾ ਇਕ ਸਾਲ ਸਮਾਪਤ ਹੋਣ ਉਪਰੰਤ, ਉਨ੍ਹਾਂ ਦੀ ਸੇਵਾਵਾਂ ਵਿੱਚ ਅੱਗੇ ਇਕ ਸਾਲ ਦਾ ਹੋਰ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**<u>ਸਪਲੀਮੈਂਟਰੀ ਆਈਟਮ ਨੰ:1</u> ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ ਵਿੱਚ ਸੋਧ ਕਰਕੇ "ਨੌਵੀਂ ਕਲਾਸ" ਦੀ ਬਜਾਏ "ਪਹਿਲੀ ਕਲਾਸ ਤੋਂ" ਹੀ ਵਜੀਫਾ ਸਕੀਮ ਦਾ ਲਾਭ ਦੇਣ ਬਾਰੇ।**

ਸਕੱਤਰ ਵੱਲੋਂ ਦੱਸਿਆ ਗਿਆ ਕਿ ਬੋਰਡ ਦੁਆਰਾ ਪੰਜੀਕ੍ਰਿਤ ਲਾਭਪਾਤਰੀਆਂ ਦੇ ਬੱਚਿਆਂ ਨੂੰ ਵੱਖ-ਵੱਖ ਕਲਾਸਾਂ/ ਕੋਰਸਾਂ ਵਿਚ ਪੜ੍ਹਾਈ ਕਰਨ ਲਈ ਹੇਠ ਲਿਖੇ ਅਨੁਸਾਰ ਵਜੀਫੇ ਮੰਜ਼ੂਰ ਕੀਤੇ ਜਾਂਦੇ ਹਨ:-

| ਲੜੀ ਨੰ: | ਕਲਾਸ | ਵਜੀਫੇ ਦੀ ਦਰ (ਰੁਪਏ ਪ੍ਰਤੀ ਸਾਲ) |
|---|---|---|
| 1. | 9ਵੀਂ, 10ਵੀਂ, +1 ਅਤੇ +2 | 1500/- |
| 2. | ਕਾਲਜ ਵਿਦਿਆਰਥੀ<br>ਬੀ.ਏ./ ਬੀ.ਸੀ.ਏ./ ਐਮ.ਏ./ ਐਮ.ਐਸ.ਸੀ | 1800/- |
| 3. | ਆਈ.ਟੀ.ਆਈ/ ਪਾਲੀਟੈਕਨੀਕਸ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਕੋਰਸਾਂ ਲਈ | 1800/- |
| 4. | ਮੈਡੀਕਲ/ ਇੰਜੀਨਅਰਿੰਗ ਡਿਗਰੀ ਕੋਰਸਾਂ ਲਈ | 15,000/- |

ਇਸ ਸਬੰਧ ਵਿੱਚ ਸਕੱਤਰ ਵੱਲੋਂ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ ਕਿ ਉਪਰੋਕਤ ਵਜੀਫਾ ਸਕੀਮ ਵਿੱਚ ਸਰਕਾਰ ਵੱਲੋਂ ਸੋਧ ਕਰਦੇ ਹੋਏ 'ਨੋਵੀਂ ਕਲਾਸ' ਦੀ ਬਜਾਏ 'ਪਹਿਲੀ ਕਲਾਸ' ਤੋਂ ਹੀ, ਹੇਠ ਦਰਜ ਦਰਾਂ ਅਨੁਸਾਰ ਵਜੀਫਾ ਸਕੀਮ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ:-

| **ਲੜੀ ਨੰ:** | **ਕਲਾਸ** | **ਵਜੀਫੇ ਦੀ ਤਜਵੀਜਤ ਦਰ** |
|---|---|---|
| 1. | ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ | 75/- ਪ੍ਰਤੀ ਮਹੀਨਾ |
| 2. | ਪੰਜਵੀ ਕਲਾਸ ਤੋਂ ਅਠਵੀਂ ਕਲਾਸ ਲਈ | 100/- ਪ੍ਰਤੀ ਮਹੀਨਾ |

ਇਸ ਤਰਾਂ ਇਸ ਆਈਟਮ ਅਧੀਨ ਬੋਰਡ ਵੱਲੋਂ ਪਹਿਲਾਂ ਚਾਲੂ ਵਜੀਫਾ ਸਕੀਮ ਨੂੰ 'ਨੋਵੀਂ ਕਲਾਸ' ਦੀ ਬਜਾਏ, ਸਮੁਚੀ ਸਕੀਮ 'ਪਹਿਲੀ ਕਲਾਸ' ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**<u>ਸਪਲੀਮੈਂਟਰੀ ਆਈਟਮ ਨੰ:2</u> ਉਸਾਰੀ ਕੰਮਾਂ ਵਿੱਚ ਲਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ।**

ਸਕੱਤਰ ਜੀ ਵੱਲੋਂ ਬੋਰਡ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਇਸ ਸਕੀਮ ਬਾਰੇ ਪ੍ਰਮੁੱਖ ਸਕੱਤਰ ਜੀ ਨਾਲ ਵਿਚਾਰ-ਵਟਾਂਦਰੇ ਸਮੇਂ ਉਨ੍ਹਾਂ ਵੱਲੋਂ ਇਸਨੂੰ ਸਮੂਚੇ ਰੂਪ ਵਿੱਚ ਬੋਰਡ ਦੀ ਮੀਟਿੰਗ ਵਿੱਚ ਵਿਚਾਰਨ ਲਈ ਸਿਧਾਂਤਕ ਤੋਰ ਤੇ ਪ੍ਰਵਾਨਗੀ ਦੇ ਦਿੱਤੀ ਗਈ ਸੀ ਅਤੇ ਇਸੇ ਅਧਾਰ ਤੇ ਮੀਟਿੰਗ ਦੋਰਾਨ ਇਸ ਬਾਰੇ ਸਪਲੀਮੈਂਟਰੀ ਅਜੰਡਾ ਪੇਸ਼ ਕੀਤਾ ਗਿਆ ਹੈ। ਪ੍ਰਮੁੱਖ ਸਕੱਤਰ ਜੀ ਵੱਲੋਂ ਮੀਟਿੰਗ ਸਮੇਂ ਵੀ ਇਸ ਦੀ ਪ੍ਰੋੜ੍ਹਤਾ ਕੀਤੀ ਗਈ। ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਸਰਕਾਰ ਤੋਂ ਜੋ ਪ੍ਰਵਾਨਗੀ ਪ੍ਰਾਪਤ ਹੋਈ ਹੈ, ਉਸ ਵਿੱਚ ਕੇਵਲ 'ਸਿਲੀਕੋਸਿਸ' ਬੀਮਾਰੀ ਸਬੰਧੀ ਸਕੀਮ ਦੀ ਪ੍ਰਵਾਨਗੀ ਦਾ ਜਿਕਰ ਹੈ ਜਦਕਿ ਸਰਕਾਰ ਨੂੰ ਭੇਜੀ ਸਕੀਮ ਵਿੱਚ 'ਸਿਲੀਕੋਸਿਸ' ਬੀਮਾਰੀ ਤੋਂ ਇਲਾਵਾ ਹੋਰ ਵੀ ਕਈ ਬੀਮਾਰੀਆਂ ਸ਼ਾਮਿਲ ਸਨ। ਬੋਰਡ ਵੱਲੋਂ ਇਸ ਆਈਟਮ ਦੀ ਸਮੁੱਚੇ ਰੂਪ ਵਿੱਚ ਪ੍ਰਵਾਨਗੀ ਸਰਕਾਰ ਵੱਲੋਂ ਨਿਰਧਾਰਤ ਹੇਠ ਦਰਜ ਸ਼ਰਤਾਂ ਅਨੁਸਾਰ ਦਿੱਤੀ ਗਈ:-

(1) ਉਸਾਰੀ ਕਿਰਤੀ - ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਬਤੋਰ 'ਲਾਭਪਾਤਰੀ' ਰਜਿਸਟਰ ਹੋਵੇ।

(2) ਜੇਕਰ ਵਿਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ ਲੈਣੀ ਹੋਵੇ, ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਉਸਾਰੀ ਕਿਰਤੀ ਦੇ ਪਰੀਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸਦੇ ਆਸ਼ਰਿਤ ਹੋਣ ਸਬੰਧੀ ਸਬੂਤ ਪੇਸ਼ ਕਰਨਾ ਪਵੇਗਾ।

(3) ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸੀ.ਐਮ.ਓ./ ਐਸ.ਐਮ.ਓ ਵੱਲੋਂ ਸਹੀ ਕਰਾਰ ਦਿੱਤਾ ਗਿਆ ਹੋਵੇ।

ਬੋਰਡ ਵੱਲੋਂ ਇਸ ਸਕੀਮ ਲਈ 100 ਲੱਖ ਰੁਪਏ ਸ਼ਾਮਲ ਕਰਕੇ, ਭਲਾਈ ਸਕੀਮਾਂ ਲਈ ਅਨੁਮਾਨਤ ਬੱਜਟ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਨਾਲ ਹੀ ਇਹ ਫੈਸਲਾ ਹੋਇਆ ਕਿ ਜੇਕਰ ਇਸ ਬਾਰੇ ਸਰਕਾਰ ਤੋਂ ਪ੍ਰਾਪਤ ਪ੍ਰਵਾਨਗੀ ਵਿੱਚ ਕੋਈ ਤਰੁਟੀ ਰਹਿ ਗਈ ਹੈ, ਤਾਂ ਸਰਕਾਰ ਨੂੰ ਮੁੜ ਕੇਸ ਭੇਜ ਕੇ ਦੂਰ ਕਰਵਾ ਲਈ ਜਾਵੇ।

**<u>ਸਪਲੀਮੈਂਟਰੀ ਆਈਟਮ ਨੰ:3</u> ਬੋਰਡ ਦੀ ਗਤੀਵਿਧੀਆਂ ਸਬੰਧੀ ਸਾਲ 2008-09 ਅਤੇ 2009-10 ਦੀਆਂ ਸਲਾਨਾਂ ਰਿਪੋਟਾਂ ਦੀ ਪ੍ਰਵਾਨਗੀ ਬਾਰੇ।**

ਬੋਰਡ ਵੱਲੋਂ ਸਾਲ 2008-09 ਅਤੇ 2009-10 ਦੀਆਂ ਗਤੀਵਿਧੀਆਂ ਸਬੰਧੀ ਸਲਾਨਾਂ ਰਿਪੋਟਾਂ ਪ੍ਰਵਾਨ ਕੀਤੀਆਂ ਗਈਆਂ।

ਮੀਟਿੰਗ ਦੇ ਅੰਤ ਵਿੱਚ ਬੋਰਡ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਆਈਟਮ ਨੰ:6 ਅਧੀਨ ਜੋ ਸਕੱਤਰ ਅਤੇ ਸਲਾਹਕਾਰ ਲਈ **ਮੋਬਾਈਲ/ ਟੈਲੀਫੋਨ** ਸੁਵਿਧਾ ਲਈ ਖਰਚੇ ਦੀ ਪ੍ਰਤੀ-ਪੂਰਤੀ ਕਰਨ ਬਾਰੇ ਪ੍ਰਵਾਨਗੀ ਦਿੱਤੀ ਗਈ ਹੈ ਇਸੇ ਤਰਾਂ ਦੀ ਸਹੂਲਤ ਕਿਰਤ ਵਿਭਾਗ ਦੇ ਸਾਰੇ ਖੇਤਰੀ ਅਧਿਕਾਰੀ (ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ) ਜਿਨ੍ਹਾਂ ਨੂੰ ਬਿਲਡਿੰਗ ਕੰਸਟਰਕਸ਼ਨ ਵਰਕਰਜ਼ ਐਕਟ ਅਤੇ ਸੈਸ ਐਕਟ ਅਧੀਨ ਵੱਖ-ਵੱਖ ਅਥਾਰਟੀ ਘੋਸ਼ਿਤ ਕੀਤਾ ਹੋਇਆ ਹੈ, ਲਈ ਵੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ, ਜਿਸ ਬਾਰੇ ਕਿ ਕਾਰਪੋਰੇਟ ਕੁਨੈਕਸ਼ਨ ਲੈਣ ਲਈ ਵੱਖ-ਵੱਖ ਮੋਬਾਈਲ ਕੰਪਨੀਆਂ ਨਾਲ ਸੰਪਰਕ ਕਰਕੇ ਕਾਰਵਾਈ ਕਰ ਲਈ ਜਾਵੇ।

ਪ੍ਰਮੁੱਖ ਸੱਕਤਰ ਜੀ ਵੱਲੋਂ ਸਿੰਚਾਈ ਤੇ ਪਾਵਰ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਦੇ ਮੀਟਿੰਗ ਵਿੱਚ ਉਪਸਥਿਤ ਪ੍ਰਤੀਨਿਧੀਆਂ ਨੂੰ ਕਿਹਾ ਗਿਆ ਕਿ ਬੋਰਡ ਦੇ ਦਫਤਰ ਵੱਲੋਂ ਉਨ੍ਹਾਂ ਨੂੰ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996 ਅਤੇ ਉਸ ਅਧੀਨ ਰਾਜ ਸਰਕਾਰ ਵੱਲੋਂ ਬਣਾਏ ਰੂਲਾਂ ਦੀ ਕਾਪੀ ਭੇਜ ਦਿੱਤੀ ਜਾਵੇਗੀ। ਐਕਟ ਤੇ ਰੂਲਾਂ ਵਿੱਚ ਦਰਸਾਏ ਉਪਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਬੰਧਤ ਵਿਭਾਗਾਂ ਵੱਲੋਂ ਉਸਾਰੀ ਕਿਰਤੀਆਂ ਲਈ ਸੇਫਟੀ ਮੈਨੂਅਲ ਤਿਆਰ ਕੀਤਾ ਜਾਵੇ ਅਤੇ ਇਸ ਸਬੰਧੀ ਵਿੱਚ ਬੋਰਡ ਦੀ ਅਗਲੀ ਮੀਟਿੰਗ ਲਈ ਅਜੰਡਾ ਵੀ ਬੋਰਡ ਦੇ ਵਿਚਾਰ ਲਈ ਪੇਸ਼ ਕੀਤਾ ਜਾਵੇ। ਇਸ ਬਾਰੇ ਦੋਨੋਂ ਵਿਭਾਗਾਂ ਦੇ ਪ੍ਰਤੀਨਿਧਾਂ ਵੱਲੋਂ ਲੋੜੀਂਦੀ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ।

ਮੀਟਿੰਗ ਮੈਂਬਰ ਸਾਹਿਬਾਨ ਦੇ ਧੰਨਵਾਦ ਨਾਲ ਸਮਾਪਤ ਹੋਈ।